Australian Government
Productivity Commission



## ਮਾਨਸਿਕ ਸਿਹਤ ਤੱਥਸ਼ੀਟ:

# ਸਭਿਆਚਾਰਕ ਅਤ ਭਾਸ਼ਾਈ ਵਿਭਿੰਨਤਾ ਵਾਲ ਲੋਕ

**ਆਸਟ੍ਰੇਲੀਆ ਦੇ ਕੁਲ ਲੋਕਾਂ ਵਿੱਚੋਂ, ਲੱਗਭਗ ਅੱਧੇ ਜਾਂ ਉਹਨਾਂ ਦੇ ਮਾਪਿਆਂ ਵਿੱਚੋਂ ਇਕ, ਵਿਦੇਸ਼ਾਂ ਵਿੱਚ ਪੈਦਾ ਹੋਏ ਹਨ, ਦੇ ਵਾਸਤੇ, ਇਕ ਅਸਰਦਾਰ ਮਾਨਸਿਕ ਸਿਹਤ ਪ੍ਰਣਾਲੀ ਲਾਜ਼ਮੀ ਤੌਰ ਉੱਤੇ ਲੋਕਾਂ ਨੂੰ ਦੇਖ-ਭਾਲ ਪ੍ਰਦਾਨ ਕਰਵਾਉਣ ਦੇ ਯੋਗ ਹੋਣੀ ਚਾਹੀਦੀ ਹੈ, ਜੋ ਉਹਨਾਂ ਦੇ ਸਭਿਆਚਾਰਕ ਪਿਛੋਕੜ ਅਤੇ ਉਹਨਾਂ ਦੁਆਰਾ ਬੋਲੀ ਜਾਂਦੀ ਭਾਸ਼ਾ ਦੇ ਅਨੁਕੂਲ ਹੋਵੇ।**

ਉਤਪਾਦਕਤਾ ਕਮਿਸ਼ਨ ਦਾ ਮਾਨਸਿਕ ਸਿਹਤ ਪੁੱਛ-ਗਿੱਛ ਵਿਭਾਗ (Productivity Commission's Mental Health Inquiry), ਆਸਟ੍ਰੇਲੀਆ ਦੀ ਮਾਨਸਿਕ ਸਿਹਤ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਲੰਬੀ-ਮਿਆਦ ਦੀ ਯੋਜਨਾ ਪੇਸ਼ ਕਰਦਾ ਹੈ, ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਇਹ ਸੱਭਿਆਚਾਰਕ ਅਤੇ ਭਾਸ਼ਾਈ ਪਿਛੋਕੜਾਂ ਵਾਲੇ ਵੰਨ-ਸੁਵੰਨੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਹੈ।

ਅਜਿਹਾ ਹੋਣ ਵਾਸਤੇ, ਸੇਵਾਵਾਂ ਦੁਆਰਾ ਸਭਿਆਚਾਰਕ ਤੌਰ ਤੇ ਹੁੰਗਾਰਾ ਭਰਨ ਅਤੇ ਲੋਕਾਂ ਨੂੰ ਇਸ ਵਿੱਚ ਸ਼ਾਮਲ ਕਰਨ ਨੂੰ ਤਰਜੀਹ ਦੇਣ ਦੀ ਲੋੜ ਹੈ – ਦੇ ਸੁਧਾਰ ਵਾਸਤੇ ਬਹੁਤ ਸਾਰੀ ਗੁੰਜਾਇਸ਼ ਹੈ। ਮਾਨਸਿਕ ਸਿਹਤ ਸੇਵਾਵਾਂ ਵਿਕਸਤ ਕਰਨ ਲਈ ਅਸੀਂ ਆਸਟ੍ਰੇਲੀਆ ਦੀ ਸਰਕਾਰ ਨੂੰ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਹਨ, ਜੋ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ, ਚਾਹੇ ਉਹਨਾਂ ਦਾ ਸਭਿਆਚਾਰਕ ਪਿਛੋਕੜ ਕੋਈ ਵੀ ਹੋਵੇ।

- ਮਾਨਸਿਕ ਸਿਹਤ ਸਹਾਇਤਾ ਦੀ ਲੋੜ ਵਾਲੇ ਲੋਕਾਂ ਨੂੰ, ਅਤੇ ਉਹਨਾਂ ਦੇ ਪਰਿਵਾਰਾਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਅਜਿਹੀ ਜਾਣਕਾਰੀ ਤੱਕ ਪਹੁੰਚ-ਯੋਗ ਬਣਾਉਣ ਦੀ ਲੋੜ ਹੁੰਦੀ ਹੈ ਜੋ ਸਭਿਆਚਾਰਕ ਤੌਰ ਤੇ ਢੁੱਕਵੀਂ ਹੋਵੇ ਅਤੇ ਉਹਨਾਂ ਦੀ ਆਪਣੀ ਖੁਦ ਦੀ ਭਾਸ਼ਾ ਵਿੱਚ ਪੇਸ਼ ਕੀਤੀ ਜਾਂਦੀ ਹੋਵੇ। ਸਿਫਾਰਸ਼ ਕੀਤੇ ਰਾਸ਼ਟਰੀ ਡਿਜ਼ਿਟਲ ਮਾਨਸਿਕ ਸਿਹਤ ਪਲੇਟਫਾਰਮ ਤੇ, ਮਾਨਸਿਕ ਸਿਹਤ ਮੁਲਾਂਕਣ ਅਤੇ ਹਵਾਲੇ ਵਾਸਤੇ ਇਕ ਸੰਦ ਉਪਲਬਧ ਹੈ (ਕਾਰਵਾਈ 10.4)। ਇਸ ਪਲੇਟਫਾਰਮ ਨੂੰ ਉਹਨਾਂ ਲੋਕਾਂ ਤੋਂ ਮਿਲੀਆਂ ਸਲਾਹਵਾਂ ਨਾਲ ਵਿਉਂਤਿਆ ਜਾਣਾ ਚਾਹੀਦਾ ਹੈ, ਜੋ ਮਾਨਸਿਕ ਸਿਹਤ ਸੇਵਾਵਾਂ ਦੀ ਵਰਤੋਂ ਕਰਦੇ ਹਨ, ਅਤੇ ਇਸਨੂੰ ਵੱਖ ਵੱਖ ਸਭਿਆਚਾਰਕ ਪਿਛੋਕੜਾਂ ਵਾਲੇ ਲੋਕਾਂ ਵਾਸਤੇ ਮਾਨਸਿਕ ਸਿਹਤ-ਸੰਭਾਲ ਵਿੱਚ ਪ੍ਰਭਾਵੀ ਤੌਰ ਤੇ ਸ਼ਾਮਲ ਕਰਾਉਣ ਲਈ, ਅਨੁਕੂਲ ਬਣਾਇਆ ਜਾਣਾ ਚਾਹੀਦਾ ਹੈ।
- ਇਹ ਵੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸੰਭਾਲ-ਕਰਤਾ ਸਬੰਧੀ ਲਾਂਘੇ (Carer Gateway) ਦਾ ਮੁਲਾਂਕਣ, ਇਹ ਯਕੀਨੀ ਬਣਾਉਣ ਲਈ ਕੀਤਾ ਜਾਵੇ ਕਿ ਇਹ ਵੱਖ ਵੱਖ ਸਭਿਆਚਾਰਕ ਪਿਛੋਕੜਾਂ ਤੋਂ ਆਏ ਸੰਭਾਲ ਕਰਨ ਵਾਲਿਆਂ ਵਾਸਤੇ ਕੰਮ ਕਰਦਾ ਹੋਵੇ (ਕਾਰਵਾਈ 18.2)।
- ਸਹਾਇਤਾ ਵਾਲਾ ਔਨਲਾਈਨ ਇਲਾਜ ਪ੍ਰਦਾਨ ਕਰਵਾਉਣ ਲਈ, ਰਾਸ਼ਟਰੀ ਡਿਜ਼ਿਟਲ ਮਾਨਸਿਕ ਸਿਹਤ ਪਲੇਟਫਾਰਮ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ (ਕਾਰਵਾਈ 11.1)। ਇਸ ਨਾਲ ਦਿਹਾਤੀ ਅਤੇ ਦੂਰ-ਦੁਰਾਡੇ ਰਹਿੰਦੇ ਆਸਟ੍ਰੇਲੀਆ ਦੇ ਲੋਕਾਂ, ਅਤੇ ਨਾਲ ਹੀ ਸ਼ਹਿਰੀ ਖੇਤਰਾਂ ਦੇ ਲੋਕਾਂ ਨੂੰ ਲਾਭ ਹੋਵੇਗਾ, ਜਿੰਨ੍ਹਾਂ ਨੂੰ ਸਭਿਆਚਾਰਕ ਤੌਰ ਉੱਤੇ ਅਨੁਕੂਲ ਦੇਖ-ਭਾਲ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਹੁੰਦੀ ਹੈ, ਅਤੇ ਉਹਨਾਂ ਲੋਕਾਂ ਨੂੰ ਜੋ ਗੁੰਮਨਾਮ ਤਰੀਕੇ ਨਾਲ ਸਾਂਭ-ਸੰਭਾਲ ਖੋਜਣ ਨੂੰ ਤਰਜੀਹ ਦੇ ਸਕਦੇ ਹਨ। ਔਨਲਾਈਨ ਸਹਾਇਤਾ ਵਾਲੇ ਇਲਾਜਾਂ ਨੂੰ, ਖਪਤਕਾਰਾਂ ਦੀਆਂ ਸਭਿਆਚਾਰਕ ਅਤੇ ਭਾਸ਼ਾਈ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਇਆ ਜਾਣਾ ਚਾਹੀਦਾ ਹੈ।
- ਫ਼ੋਨ ਜਾਂ ਵੀਡੀਓ ਰਾਹੀਂ ਇਲਾਜਾਂ ਵਾਸਤੇ ਸਿਫਾਰਸ਼ ਕੀਤੀ ਵਿਸਥਾਰ ਵਾਲੀ ਪਹੁੰਚ, ਲੋਕਾਂ ਨੂੰ ਆਸਟ੍ਰੇਲੀਆ ਵਿੱਚ ਕਿਧਰੇ ਵੀ ਸਥਿੱਤ, ਕਿਸੇ ਮਨੋਵਿਗਿਆਨੀ ਜਾਂ ਦੇਖ-ਭਾਲ ਪ੍ਰਦਾਨ ਕਰਨ ਵਾਲੇ ਨਾਲ ਜੁੜਨ ਦੇ ਯੋਗ ਬਣਾਵੇਗੀ, ਜੋ ਉਹਨਾਂ ਦੀਆਂ ਲੋੜਾਂ ਅਨੁਸਾਰ ਢੁੱਕਵੀਂ ਹੋਵੇਗੀ, ਇਹ ਨਿਗਰਾਨੀ ਦੇ ਉਪਲਬਧ ਵਿਕਲਪਾਂ ਵਿੱਚ ਵਾਧਾ ਕਰੇਗੀ (ਕਾਰਵਾਈ 12.2)।



- ਭਾਈਚਾਰਕ ਮਾਨਸਿਕ ਸਿਹਤ ਸੇਵਾਵਾਂ ਦੀ ਯੋਜਨਾਬੰਦੀ, ਵਿੱਤੀ ਸਹਾਇਤਾ ਅਤੇ ਅਦਾਇਗੀ ਵਾਸਤੇ ਮਹੱਤਵਪੂਰਣ ਤਬਦੀਲੀਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਭਾਈਚਾਰਕ ਸੰਸਥਾਵਾਂ, ਪ੍ਰਵਾਸੀਆਂ ਦੀ ਸਮਾਜਕ ਹਿੱਸੇਦਾਰੀ ਅਤੇ ਉਹਨਾਂ ਨੂੰ ਸ਼ਾਮਲ ਕਰਨ ਵਾਸਤੇ ਮਹੱਤਵਪੂਰਣ ਹਨ। ਬਿਹਤਰ ਸੇਵਾ ਯੋਜਨਾਬੰਦੀ ਦਾ ਸਿੱਟਾ ਸਭਿਆਚਾਰ ਨਾਲ ਸਬੰਧਤ ਜ਼ਿਆਦਾ ਮਨੋ-ਸਮਾਜਿਕ ਸੇਵਾਵਾਂ ਦੇ ਰੂਪ ਵਿੱਚ ਨਿਕਲੇਗਾ, ਅਤੇ ਇਕਰਾਰਨਾਮੇ ਦੀਆਂ ਵਧੇਰੇ ਲੰਬੀਆਂ ਮਿਆਦਾਂ, ਪ੍ਰਦਾਤਿਆਂ ਨੂੰ ਖਪਤਕਾਰਾਂ ਨਾਲ ਸਥਿਰ, ਭਰੋਸੇ-ਯੋਗ ਅਤੇ ਅਰੋਗਤਾ ਸਬੰਧੀ ਰਿਸ਼ਤਿਆਂ ਨੂੰ ਵਿਕਸਤ ਕਰਨ ਅਤੇ ਬਣਾਈ ਰੱਖਣ ਦੇ ਯੋਗ ਹੋ ਨਿਬੜਣਗੀਆਂ (ਕਾਰਵਾਈਆਂ 17.1 ਅਤੇ 17.3)।



- 'ਮਾਨਸਿਕ ਸਿਹਤ ਪੇਸ਼ੇਵਰਾਂ' ਦੀ ਸਭਿਆਚਾਰਕ ਲਿਆਕਤ ਇਕ ਮੁੱਖ ਤੱਤ ਹੈ, ਜੋ ਸਭਿਆਚਾਰਕ ਅਤੇ ਸਿਹਤ ਸਬੰਧੀ ਸਾਖਰਤਾ ਦੀਆਂ ਰੁਕਾਵਟਾਂ ਨੂੰ ਸੁਲਝਾਉਣ ਲਈ ਲੋੜੀਂਦਾ ਹੈ। ਕਰਮਚਾਰੀਆਂ ਦੀ ਯੋਜਨਾਬੰਦੀ ਵਿੱਚ ਸੁਝਾਏ ਗਏ ਸੁਧਾਰ, ਮਾਨਸਿਕ ਸਿਹਤ ਪ੍ਰੈਕਟੀਸ਼ਨਰਾਂ ਦੀ ਸਭਿਆਚਾਰਕ ਲਿਆਕਤ ਨੂੰ, ਖਪਤਕਾਰਾਂ ਦੀਆਂ ਲੋੜਾਂ ਨਾਲ ਬਿਹਤਰ ਤਰੀਕੇ ਨਾਲ ਇਕ-ਸੁਰ ਕਰਨਗੇ (ਕਾਰਵਾਈ 16.1)। ਦੋ-ਭਾਸ਼ੀ ਅਤੇ ਵਿਭਿੰਨ ਸਭਿਆਚਾਰਾਂ ਦੇ ਸਾਥੀ ਕਾਮਿਆਂ ਦੀ ਵਧੇਰੇ ਵਰਤੋਂ, ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਵੀ ਮਦਦ ਕਰ ਸਕਦੀ ਹੈ, ਅਤੇ ਉਤਪਾਦਕਤਾ ਕਮਿਸ਼ਨ, ਮਾਨਸਿਕ ਸਿਹਤ ਖੇਤਰ ਵਿੱਚ ਕੰਮ ਕਰਨ ਵਾਲਿਆਂ ਦੇ ਵੱਧ ਰਹੇ ਹਿੱਸੇ ਵਜੋਂ, ਸਾਥੀ ਕਾਮਿਆਂ ਦੀ ਹਿਮਾਇਤ ਲਈ ਸਿਫਾਰਸ਼ਾਂ ਕਰਦਾ ਹੈ (ਕਾਰਵਾਈ 16.5)।
- ਸਾਰੇ ਮਾਨਸਿਕ ਸਿਹਤ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਲੋਕਾਂ ਦੇ ਸਭਿਆਚਾਰਕ ਪਿਛੋਕੜ ਅਤੇ ਲੋੜਾਂ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾਵਾਂ ਵਾਲੇ ਲੋਕਾਂ ਵਾਸਤੇ, ਮਾਨਸਿਕ ਸਿਹਤ ਸੇਵਾਵਾਂ ਅਤੇ ਸਿੱਟਿਆਂ ਨਾਲ ਸਬੰਧਤ ਅੰਕੜਿਆਂ ਵਿੱਚ ਫਰਕ ਹੈ। ਨੀਤੀ-ਘਾੜਿਆਂ ਦੁਆਰਾ ਅੰਕੜਿਆਂ ਨੂੰ ਵਧੇਰੇ ਅਸਰਦਾਰ ਢੰਗ ਨਾਲ ਇਕੱਠਾ ਕਰਨ ਦੇ ਨਾਲ ਨਾਲ, ਰਲ ਕੇ ਵਿਓਂਤੀਆਂ ਪ੍ਰਥਾਵਾਂ ਨੂੰ ਵਰਤਣ ਨਾਲ, ਵਿਅਕਤੀ-ਕੇਂਦਰਿਤ ਦੇਖ-ਭਾਲ ਜ਼ਿਆਦਾ ਉਤਸ਼ਾਹਤ ਹੋਵੇਗੀ (ਕਾਰਵਾਈਆਂ 22.4 ਅਤੇ 24.3)।
- ਕੁਝ ਕੁ ਲੋਕਾਂ ਵਾਸਤੇ ਜਿੰਨ੍ਹਾਂ ਨੂੰ ਸ਼ੁਰੂਆਤੀ ਹਿਮਾਇਤ ਹਾਸਲ ਕਰਨ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹਨਾਂ ਦਾ ਸੇਵਾਵਾਂ ਨਾਲ ਪਹਿਲਾ ਸੰਪਰਕ, ਪੁਲਿਸ ਨਾਲ ਹੁੰਦਾ ਹੈ। ਮਾਨਸਿਕ-ਸਿਹਤ ਬਿਰਤਾਂਤਾਂ ਦਾ ਹੁੰਗਾਰਾ ਭਰ ਰਹੀ ਪੁਲਿਸ ਵਾਸਤੇ, ਸਿਫਾਰਸ਼ ਕੀਤੀਆਂ ਵਧੀਕ ਹਿਮਾਇਤਾਂ ਨੂੰ, ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾਵਾਂ ਵਾਲੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਉਂਤਿਆ ਜਾਣਾ ਚਾਹੀਦਾ ਹੈ (ਕਾਰਵਾਈ 21.2)।
- ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਮਨੋਵਿਗਿਆਨਕ ਕਸ਼ਟ ਨੂੰ ਘੱਟ ਕਰਨ ਲਈ, ਉੱਚ ਸਿੱਖਿਆ ਦੇ ਪ੍ਰਦਾਤਿਆਂ ਨੂੰ ਆਪਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ, ਵਿਦੇਸ਼ੀ ਵਿਦਿਆਰਥੀ ਸਿਹਤ ਬੀਮਾ (Overseas Student Health Cover) ਪ੍ਰਦਾਨ ਕਰਵਾਉਣ ਵਾਲੀਆਂ ਕੰਪਨੀਆਂ ਨਾਲ, ਇਹ ਯਕੀਨੀ ਬਨਾਉਣ ਲਈ ਤਾਲ-ਮੇਲ ਕਰਨੇ ਚਾਹੀਦੇ ਹਨ, ਕਿ ਕਿਸੇ ਵੀ ਲੋੜੀਂਦੇ ਮਾਨਸਿਕ ਸਿਹਤ ਇਲਾਜ ਲਈ ਵਿਦਿਆਰਥੀਆਂ ਕੋਲ ਉਚਿੱਤ ਬੀਮਾ ਹੋਵੇ। ਯੂਨੀਵਰਸਿਟੀਆਂ ਨੂੰ ਇਹ ਵੀ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਉਹਨਾਂ ਦੀਆਂ ਸਲਾਹ-ਮਸ਼ਵਰੇ ਵਾਲੀਆਂ ਸੇਵਾਵਾਂ ਆਪਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਭਾਸ਼ਾ ਅਤੇ ਸਭਿਆਚਾਰਕ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਹੋਣ (ਕਾਰਵਾਈ 6.2)।

**ਵਿਅਕਤੀ-ਕੇਂਦਰਿਤ ਪਹੁੰਚ ਦੇ ਅਨੁਕੂਲ, ਅਸੀਂ ਇਕ ਮਾਨਸਿਕ ਸਿਹਤ-ਸੰਭਾਲ ਪ੍ਰਣਾਲੀ ਚਾਹੁੰਦੇ ਹਾਂ, ਜੋ ਲੋਕਾਂ ਨੂੰ ਉਹਨਾਂ ਦੀਆਂ ਲੋੜਾਂ ਅਤੇ ਹਾਲਾਤਾਂ ਨੂੰ ਵੇਖਦੇ ਹੋਏ, ਉਹਨਾਂ ਵਾਸਤੇ ਸਹੀ ਸੰਭਾਲ ਵਿਕਲਪਾਂ ਦੀ ਚੋਣ ਕਰਨ ਅਤੇ ਪਹੁੰਚ ਕਰਨ ਦੇ ਯੋਗ ਬਣਾਉਂਦੀ ਹੋਵੇ। ਇਸ ਦਾ ਮਤਲਬ ਇਹ ਹੈ ਕਿ ਸੇਵਾਵਾਂ ਪ੍ਰਦਾਨ ਕੀਤੇ ਜਾਣ ਦੇ ਵੱਖ ਵੱਖ ਤਰੀਕਿਆਂ ਦੀ ਲੋੜ ਹੈ, ਜੋ ਪਹੁੰਚ ਯੋਗ ਹੋਣ, ਜਿਵੇਂ ਅਤੇ ਜਦੋਂ ਲੋਕਾਂ ਨੂੰ ਉਹਨਾਂ ਦੀ ਲੋੜ ਹੁੰਦੀ ਹੈ, ਜੋ ਕਿ ਨਾ ਕੇਵਲ ਡਾਕਟਰੀ ਤੌਰ ਉੱਤੇ ਅਸਰਦਾਰ ਅਤੇ ਸਭਿਆਚਾਰਕ ਤੌਰ ਉੱਤੇ ਪ੍ਰਸੰਗਕ ਹੋਣ, ਸਗੋਂ ਸਾਂਭ-ਸੰਭਾਲ ਖੋਜ ਰਹੇ ਵਿਅਕਤੀ ਉੱਤੇ ਘੱਟੋ ਘੱਟ ਬੋਝ ਪਾਉਣ। ਲੋਕਾਂ ਦੁਆਰਾ ਉਸ ਇਲਾਜ ਦੀ ਚੋਣ ਕਰਨ, ਕਰਦੇ ਰਹਿਣ ਅਤੇ ਇਸ ਤੋਂ ਲਾਭ ਲੈਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ, ਜੋ ਉਹਨਾਂ ਦੀਆਂ ਲੋੜਾਂ ਨਾਲ ਮੇਲ ਖਾਂਦਾ ਹੈ (ਜਿਲਦ 1, ਪੰਨਾ 29)**